## ਕਾਰਜਕਾਰੀ ਸੰਖੇਪ

ਮੁੱਖ ਨੁਕਤੇ

- ਯੂ-ਕੇ ਦੀ ਕੁਲ ਅਬਾਦੀ ਵਿਚੋਂ 8 ਪ੍ਰਤਿਸ਼ਤ ਅਬਾਦੀ ਨਸਲੀ ਘੱਟ ਸੰਖਿਆ (ਐਥਨਿਕ ਮਾਇਨੌਰਿਟੀ) ਦੀ ਹੈ। 1999 ਅਤੇ 2009 ਦੇ ਦਰਮਿਆਨ ਇਨ੍ਹਾਂ ਦੀ ਉਤਪਤੀ ਕੰਮ ਕਰ ਰਹੀ ਅੱਧੀ ਅਬਾਦੀ ਜਿਨੀ ਹੋ ਜਾਵੇਗੀ।

- ਇਨ੍ਹਾਂ ਦੀ ਸ਼ਕਤੀ ਅਤੇ ਯੋਗਤਾ ਦਾ ਸਰਬੋਤਮ ਇਸਤੇਮਾਲ ਕੀਤਾ ਜਾਵੇ, ਇਹ ਸਰਕਾਰ, ਮਾਲਕਾਂ ਅਤੇ ਨਸਲੀ ਘੱਟ ਸੰਖਿਆਵਾਂ ਵਾਸਤੇ ਇਕ ਮੁੱਖ ਚੁਣੌਤੀ ਹੋਵੇਗੀ।

- ਹਾਲ ਦੀ ਘੜੀ ਵਿਚ, ਵੱਖਰੇ ਨਸਲੀ ਘੱਟ ਸੰਖਿਆ ਦੇ ਸਮੂਹਾਂ ਦਾ ਮਜ਼ਦੂਰੀ ਮੰਡੀ ਦੀ ਪ੍ਰਾਪਤੀਆਂ ਵਿਚ ਕਾਫ਼ੀ ਜ਼ਿਆਦਾ ਭਿੰਨਤਾ ਹੈ।

- ਭਾਰਤੀ ਅਤੇ ਚੀਨੀ, ਔਸਤ ਦਰ ਤੇ, ਬਿਹਤਰ ਕਰ ਰਹੇ ਹਨ ਅਤੇ ਅਕਸਰ ਗੋਰਿਆਂ ਨੂੰ ਸਕੂਲਾਂ ਅਤੇ ਮਜ਼ਦੂਰੀ ਮੰਡੀ ਵਿਚ ਮਾਤ ਕਰਦੇ ਹਨ। ਇਨ੍ਹਾਂ ਦੀ ਸਫਲਤਾ ਇਹ ਪ੍ਰਦਰਸ਼ਿਤ ਕਰਦੀ ਹੈ ਕਿ ਖ਼ੁਸ਼ਹਾਲ ਉਤਪਤੀ ਅਤੇ ਸਮਾਜਿਕ ਏਕੀਕਰਨ ਵਿਚ ਕੋਈ ਵੀ ਨਾਜ਼ੁਕ ਬੈਰੀਅਰ ਨਹੀਂ ਹਨ।

- ਫਿਰ ਵੀ, ਹੋਰ ਕਈ ਸਮੂਹ ਇੰਨਾਂ ਚੰਗਾ ਨਹੀਂ ਕਰ ਰਹੇ। ਪਾਕਿਸਤਾਨੀ, ਬੰਗਲਾਦੇਸ਼ੀ ਅਤੇ ਕੈਰੇਬਿਅਨ ਦੇ ਰਹਿਣ ਵਾਲੇ ਕਾਲੇ, ਔਸਤ ਦਰ ਤੇ, ਗੋਰਿਆਂ ਨਾਲੋ ਕਾਫ਼ੀ ਜ਼ਿਆਦਾ ਬੇਰੋਜ਼ਗਾਰ ਹਨ ਅਤੇ ਘੱਟ ਕਮਾਉਂਦੇ ਹਨ। ਇਹ ਨਾਂ ਕੇ ਸਿਰਫ਼ ਆਰਥਿਕ ਲਾਗਤ ਪਰ ਇਸ ਦੇ ਨਾਲ ਨਾਲ ਸਮਾਜਕ ਮੇਲ ਜੋੜ ਨੂੰ ਵੀ ਨਿਹਿਤ ਖਤਰਾ ਪੈਦਾ ਕਰਦੀ ਹੈ। ਸਕੂਲਾਂ ਅਤੇ ਮਜ਼ਦੂਰੀ ਮੰਡੀ ਵਿਚ ਇਨ੍ਹਾਂ ਸਮੂਹਾਂ ਵਾਸਤੇ ਬਿਹਤਰ ਤਕਮੀਲ ਗਵਰਮੈਂਟ ਵਾਸਤੇ ਇੱਕ ਮੁੱਖ ਪੂਰਵਤਾ ਹੈ।

- ਖਾਸ ਤੌਰ ਤੇ, ਇਸ ਰਿਪੋਰਟ ਵਿਚ ਦਿੱਤਾ ਸਬੂਤ ਇਹ ਦੱਸਦਾ ਹੈ ਕਿ ਸਾਰੀਆਂ ਨਸਲੀ ਘੱਟ ਸੰਖਿਆਵਾਂ – ਉਹ ਵੀ ਜਿਹੜੇ ਕਿ ਕਾਫੀ ਕਾਇਮ ਹਨ, ਜਿਵੇਂ ਕਿ ਭਾਰਤੀ ਅਤੇ ਚੀਨੀ, ਇਨ੍ਹਾਂ ਦੀ ਸਿਖਿਆ ਅਤੇ ਵਿਸ਼ੇਸ਼ ਗੁਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਇੰਨਾਂ ਬਿਹਤਰ ਨਹੀਂ ਕਰ ਰਹੇ ਜਿਨ੍ਹਾਂ ਕਿ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਾਰਵਾਈ ਵਾਸਤੇ ਇਕ ਨਵਾਂ ਢਾਂਚਾ ਬਣਾਵੇ।

- ਇਹ ਰਿਪੋਰਟ ਇਕ ਨਵੀ ਰਸਾਈ ਪੈਦਾ ਕਰਦੀ ਹੈ ਜਿਹੜੀ ਕਿ ਪੁਰਾਣੀ ਪੂਰਵ-ਭੇਦਭਾਵ ਪਾਲਸੀ ਦੇ ਉਨ੍ਹਾਂ ਕਾਰਨਾਂ ਨੂੰ ਸੰਬੋਧਨ ਕਰਨ ਵਾਸਤੇ ਬਣਾਈ ਗਈ ਸੀ ਜਿਹੜੇ ਕਿ ਨੌਕਰੀਆਂ ਅਤੇ ਉਨੱਤੀ ਦੇ ਕਾਮਯਾਬੀ ਵਾਲੇ ਰਸਤੇ ਵਿਚ ਆਉਂਦੇ ਹਨ, ਇਸ ਵਿਚ ਸਕੂਲਾਂ, ਨੌਕਰੀਆਂ, ਰਿਹਾਇਸ਼ ਅਤੇ ਪੂਰਵ-ਭੇਦਭਾਵ ਵਾਸਤੇ ਉਦੇਸ਼ੀ ਕਾਰਵਾਈਆਂ ਵੀ ਸ਼ਾਮਿਲ ਹਨ। ਇਹ ਵਿਖਾਉਂਦਾ ਹੈ ਕਿ ਆਰਥਿਕ ਏਕੀਕਰਨ ਵਿਸ਼ਾਲ ਸਮਾਜਿਕ ਅਤੇ ਸ਼ਹਿਰੀ ਏਕੀਕਰਨ ਦਾ ਅਵੱਸ਼ਕ ਹਿੱਸਾ ਹੈ। ਨਸਲੀ ਘੱਟ ਸੰਖਿਆਵਾਂ ਦੀ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ ਕਾਰਵਾਈ ਉੱਚੀ ਆਰਥਿਕ ਉਤਪਤੀ ਅਤੇ ਮਜ਼ਬੂਤ ਸਮਾਜਿਕ ਮੇਲ-ਜੋਲ ਕਰਗੇ *ਅਤੇ* ਦੁਗਨਾ ਲਾਭਾਂਸ਼ ਦਵੇਗੀ।

- ਇਹ ਖਾਸ ਪਾਲਸੀ ਚਾਰ ਸ਼੍ਰੇਣੀਆਂ ਦੇ ਵਿਚ ਅੱਡ ਹੁੰਦੀ ਹੈ:

  – ਨਸਲੀ ਘੱਟ ਸੰਖਿਆ ਦੀ ਸਿਖਿਅਕ ਪ੍ਰਾਪਤੀ ਅਤੇ ਹੁਨਰ ਦੇ ਸਤੇਹ ਨੂੰ ਵਧਾ ਕੇ ਉਨ੍ਹਾਂ ਦੀ ਰੋਜ਼ਗਾਰੀ ਵਿਚ ਸੁਧਾਰ ਲਿਆਉਣ ਲਈ ਕਾਰਵਾਈ।

  – ਨਸਲੀ ਘੱਟ ਸੰਖਿਆ ਨੂੰ ਕੰਮ ਨਾਲ ਜੋੜਣ ਲਈ ਕਾਰਵਾਈ। ਇਸ ਨੂੰ ਅਸਤਿੱਤਵ ਰੋਜ਼ਗਾਰੀ ਦੇ ਪਰੋਗਰਾਮਾਂ ਵਿਚ ਸੁਧਾਰ ਕਰਨ, ਵਣਚਿਤ ਇਲਾਕਿਆਂ ਵਿਚ ਕੰਮ ਕਰਨ ਵਾਲੇ ਬੈਰੀਅਰ ਨਾਲ ਟਾਕਰਾ ਕਰਕੇ, ਜਿਵੇਂ ਕਿ ਮਾੜੀ ਟਰਾਂਸਪੋਟ੍ਰ ਅਤੇ ਸਵੈ-ਮਾਲਕੀ ਕੰਮ ਨੂੰ ਵਿਸਤਿਤਵ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

  – ਮਾਲਕਾਂ ਨੂੰ ਕੰਮ ਵਾਲੀ ਥਾਂ ਵਿਚ ਨਿਰਪੱਖ ਅਵਸਰਾਂ ਨੂੰ ਵਿਸਤਿਤਵ ਕਰਨ ਵਾਸਤੇ ਵਧੇਰੇ ਸਲਾਹ ਅਤੇ ਸਹਾਇਤਾ, ਅਤੇ ਉਨ੍ਹਾਂ ਉਤੋਲਕਾਂ ਦਾ ਅਸਰਦਾਰ ਵਰਤਾਓ ਜਿਵੇਂ ਕਿ ਅਵਾਮੀ ਪ੍ਰਾਪਤੀ ਲਈ ਕਾਰਵਾਈ। ਅਤੇ;

  – ਸਪੁਰਦਗੀ ਤੇ ਕਾਰਵਾਈ ਦੀ ਅਗਵਾਹੀ ਨਿਗਰਾਨੀ ਵਾਲਾ ਮੰਤਰੀ ਕਰਦਾ ਹੈ ਜਿਹੜਾ ਕਿ ਵਿਭਾਗੀ ਕਾਰਵਾਈ ਦੱਲ ਦਾ ਜ਼ਿੰਮੇਵਾਰ ਵੀ ਹੈ ਜਿਸ ਵਿਚ ਪ੍ਰਾਸੰਗਿਕ ਮੰਤਰੀ, ਵੱਡੇ ਅਫ਼ਸਰ ਅਤੇ ਵਿਸ਼ੇਸ਼ ਬਾਹਰਲੇ ਸਟੇਕਹੋਲਡਰ ਸ਼ਾਮਿਲ ਹਨ। ਇਹ ਕੰਮ ਅਤੇ ਪੈਨਸ਼ਨਾਂ ਦੇ ਸੈਕਟਰੀ ਔਫ਼ ਸਟੇਟ ਦੁਆਰਾ ਕੈਬਨਿਟ ਕਮੇਟੀ ਨੂੰ ਆਰਥਿਕ ਮਾਮਲਿਆਂ, ਉਤਪਾਦਕਤਾ ਅਤੇ ਪ੍ਰਤਿਯੋਗਤਾ ਬਾਰੇ ਰਿਪੋਰਟ ਦਿੰਦਾ ਹੈ।

- ਟੀਚਾ ਇਹ ਹੈ ਕਿ ਨਸਲੀ ਘੱਟ ਸੰਖਿਆਵਾਂ ਨੂੰ ਪ੍ਰਾਪਤੀ ਵਿਚ ਕੋਈ ਦਿੱਕਤ ਨਾਂ ਆਵੇ। ਦੱਸ ਸਾਲਾਂ ਦੇ ਵਿਚ, ਬਰਤਾਨੀਆ ਵਿਚ ਰਹਿ ਰਹੇ ਨਸਲੀ ਘੱਟ ਸੰਖਿਆ ਵਾਲੇ ਸਮੂਹ, ਮਜ਼ਦੂਰੀ ਮੰਡੀ ਵਿਚ ਪ੍ਰਾਪਤੀ ਵਾਸਤੇ ਮੌਕਿਆਂ ਨੂੰ ਅਨੁਭਵ ਅਤੇ ਰਸਾਈ ਕਰਨ ਵਿਚ ਕੋਈ ਨਿਰ-ਆਕਾਰ ਬੈਰੀਅਰ ਨਾ ਆਵੇ।
- ਉਨਤੀ ਨੂੰ ਇਸ ਤਰ੍ਹਾਂ ਮਾਪ ਕੀਤਾ ਜਾਵੇਗਾ; ਰੋਜ਼ਗਾਰੀ ਦਰ ਅਤੇ ਤਨਖਾਹ ਵਿਚ ਵਾਧਾ, ਨਸਲੀ ਘੱਟ ਸੰਖਿਆ ਦੇ ਕਰੀਅਰ ਪ੍ਰੋਫ਼ਾਇਲ ਦੇ ਵਿਚ ਉਨਤੀ, ਬਿਹਤਰ ਰਾਸ਼ਟਰੀ ਆਰਥਿਕ ਤਕਮੀਲ, ਅਤੇ ਕਾਫ਼ੀ ਜ਼ਿਆਦਾ ਸਮਾਜਕ ਮੇਲ ਜੋਲ।
- ਇਹ ਨਿਰਭਰ ਕਰੇਗਾ ਇਸ ਤਰ੍ਹਾਂ ਦੇ ਕਾਰਜ ਖੇਤਰ ਦੀ ਪ੍ਰਗਤੀ ਉੱਤੇ; ਘੱਟ ਪ੍ਰਾਪਤੀ ਸਮੂਹਾਂ ਦੀ ਸਿਖਿਆ ਨੂੰ ਵੱਧ ਪ੍ਰਾਪਤੀ ਦਰ ਵਾਲੇ ਸਮੂਹਾਂ ਦੇ ਬਰਾਬਰ ਲਿਆਂਦਾ ਜਾਵੇ। ਨਸਲੀ ਘੱਟ ਸੰਖਿਆ ਦੇ ਜਾਬਸੈਂਟਰ ਪਲੱਸ ਸੇਵਾਵਾਂ ਦੇ ਖਪਤਕਾਰ ਵਾਸਤੇ ਵਧੇਰੇ ਝੱਲਣਯੋਗ ਕੰਮ; ਅਧਿਕਤਮ ਜਾਗਰੁਕਤਾ ਅਤੇ ਨਿਰਪੱਖ ਅਵਸਰਾਂ ਜੁਗਤ ਦੀ ਮਾਲਕਾਂ ਰਾਹੀ ਵੱਧ ਤੋਂ ਵੱਧ ਪ੍ਰਯੋਗਤਾ।
- ਸਰਕਾਰ ਅਤੇ ਉਸ ਦੀਆਂ ਅਜੰਸੀਆਂ ਦੀ ਵੀ ਇਸ ਜੁਗਤ ਨੂੰ ਲਾਗੂ ਕਰਨ ਵਿਚ ਜ਼ਿਮੇਵਾਰੀ ਬਣਦੀ ਹੈ। ਫਿਰ ਵੀ, ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਨਸਲੀ ਘੱਟ ਸੰਖਿਆ ਵਾਲੇ ਭਾਈਚਾਰੇ, ਸੁਤੰਤਰ ਮਾਲਕ ਅਤੇ ਅਵਾਮੀ ਸੰਸਥਾਂਵਾਂ ਤੇ ਵੀ ਇਸ ਦੀ ਜ਼ਿਮੇਵਾਰੀ ਹੈ।

**ਔਸਤੀ ਦਰ ਤੇ, ਮਜ਼ਦੂਰੀ ਮੰਡੀ ਵਿਚ ਨਸਲੀ ਘੱਟ ਸੰਖਿਆ ਆਪਣੇ ਗੋਰੇ ਪ੍ਰਤਿਰੂਪ ਨਾਲੋਂ ਅਸੁਖਾਵੀਂ ਹਨ**

ਨਸਲੀ ਘੱਟ ਸੰਖਿਆ ਵਾਲੇ ਸਮੂਹਾਂ ਦੇ ਵਿਰੋਧ ਰੋਜ਼ਗਾਰੀ ਦਰ ਗੋਰੀ ਜੰਨਸੰਖਿਆ ਨਾਲੋ ਘੱਟ ਹੈ। [1] ਖਾਸ ਕਰ ਭਾਰਤੀ, ਤਨਖਾਹ ਅਤੇ ਕੰਮ ਦੇ ਵਿਚ ਪ੍ਰਗਤੀ ਬਹੁਤ ਜ਼ਿਆਦਾ ਘੱਟ ਹੈ। ਆਲੋਚਨਾਤਮਕ, ਇਹ ਫ਼ਾਸਲੇ ਬੰਦ ਨਹੀਂ ਹੋ ਰਹੇ।

**ਫਿਰ ਵੀ, ਇਸ ਵਿਚ ਬਹੁਤ ਜ਼ਿਆਦਾ ਅੰਤਰ ਲੁਕੇ ਹੋਏ ਹਨ: ਗੋਰਿਆਂ ਦੀ ਸਫਲਤਾ ਵਾਲੀ ਪੁਰਾਣੀ ਫੋਟੋ ਅਤੇ ਨਸਲੀ ਘੱਟ ਸੰਖਿਆ ਦਾ ਨਿਰ-ਆਕਾਰ ਹੁਣ ਰੱਦ ਹੋ ਗਿਆ ਹੈ**

ਪਿਛਲੀਆਂ ਤਿੰਨ ਸਦੀਆਂ ਵਿਚ ਕਈ ਨਸਲੀ ਘੱਟ ਸੰਖਿਆਵਾਂ ਨੇ ਯੂ-ਕੇ ਦੇ ਵਿਚ ਬਹੁਤ ਉਨਤੀ ਕੀਤੀ ਹੈ। ਰੋਜ਼ਗਾਰ, ਕਮਾਈ ਅਤੇ ਕੰਮ ਵਿਚ ਪ੍ਰਗਤੀ ਦੇ ਮਾਪਦੰਡ ਵਿਚ, ਸਾਫ਼ ਭਾਰਤੀਆਂ ਦੀ ਸਫ਼ਲਤਾ ਦਾ ਨਮੂਨਾ ਨਜਰ ਆਉਂਦਾ ਹੈ, ਜਿਹੜਾ ਕਿ ਸਿਰਫ਼ ਨਸਲੀ ਘੱਟ ਸੰਖਿਆ ਨੂੰ ਹੀ ਨਹੀਂ ਪਰ ਗੋਰਿਆਂ ਨੂੰ ਵੀ ਮਾਤ ਕਰਦਾ ਹੈ। ਇਹ ਨਮੂਨਾ ਸਿਖਲਾਈ ਵਿਚ ਪਰਾਵਰਤਿਤ ਹੈ, ਜਿਹੜਾ ਕਿ ਮਜ਼ਦੂਰੀ ਮੰਡੀ ਦੇ ਆਉਣ ਵਾਲੇ ਲੰਮੇਂ ਸਮੇਂ ਦੀ ਸਫ਼ਲਤਾ ਦੇ ਸਬੱਬ ਮਜ਼ਬੂਤ ਕਰਦਾ ਹੈ।

**ਇਸ ਦੇ ਬਾਵਜੂਦ ਵੀ, ਸਾਰੀਆਂ ਨਸਲੀ ਘੱਟ ਸੰਖਿਆਵਾਂ - ਇਸ ਵਿਚ "ਸਫ਼ਲਤਾਪੂਰਵਕ" ਸਮੂਹ ਵੀ ਸ਼ਾਮਲ ਹਨ - ਏਨ੍ਹੀ ਉਨੱਤੀ ਨਹੀਂ ਕਰ ਰਹੇ ਜਿੰਨੀ ਇਨ੍ਹਾਂ ਨੂੰ ਕਰਨੀ ਚਾਹੀਦੀ ਹੈ**

ਇਹ ਮਜ਼ਦੂਰੀ ਮੰਡੀ ਵਿਚ ਨਸਲੀ ਘੱਟ ਸੰਖਿਆ ਅਤੇ ਗੋਰੇ ਜਿਹੜੇ ਕਿ ਵਿਸ਼ੇਸ਼ਕ ਸਿਖਿਆ ਜਾਂ ਹੁਨਰ ਹੀਣ ਹਨ ਉਨ੍ਹਾਂ ਦੀ ਤਕਮੀਲ ਬਹੁਤ ਜ਼ਰੂਰੀ ਅਤੇ ਚਿੰਤਾਜਨਕ ਹੈ। ਇਸ ਦਾ ਖਾਸ ਕਾਰਨ ਕੰਮ ਵਾਲੀ ਥਾਂ ਤੇ ਭੇਦਭਾਵ ਦਾ ਅਟੱਲ ਹੋਣਾ ਵੀ ਹੈ। ਕੰਮ ਅਤੇ ਸਮਾਜਿਕ ਜਾਲ ਲਈ ਸੀਮਿਤ ਪਹੁੰਚ ਬਹੁਤ ਜ਼ਰੂਰੀ ਹੈ।

**ਨਸਲੀ ਘੱਟ ਸੰਖਿਆ ਦਾ ਆਪਣੀ ਸੰਭਵਤਾ ਦਾ ਜਿਆਦਾ ਤੋਂ ਜ਼ਿਆਦਾ ਫਾਇਦਾ ਨਾਂ ਚੱਕਣ ਦਾ ਅਸਰ ਯੂ-ਕੇ ਦੀ ਆਰਥਿਕ ਪ੍ਰਾਦਰਸ਼ਨ ਤੇ ਪੈ ਸਕਦਾ ਹੈ**

ਸੰਭਵੀ ਤੌਰ ਤੇ ਆਉਣ ਵਾਲੀਆਂ ਸਦੀਆਂ ਦੇ ਦਰਮਿਆਨ ਨਸਲੀ ਘੱਟ ਸੰਖਿਆ, ਉਤਪਤੀ ਕੰਮ ਕਰ ਰਹੀ ਅੱਧੀ ਅਬਾਦੀ ਜਿਨੀ ਹੋ ਜਾਵੇਗੀ, ਅਤੇ ਮਜ਼ਦੂਰੀ ਮੰਡੀ ਵਿਚ ਨਿਮ-ਪ੍ਰਾਪਤੀ ਦੀ ਸਮੱਸਿਆ ਨਾਲ ਟਾਕਰਾ ਕਰਨ ਵਿਚ ਅਸਫਲਤਾ ਦਾ ਮਤਲੱਬ ਆਰਥਿਕ ਨਤੀਜੇ ਵਿਚ ਜਿਆਦਾ ਵਾਧਾ ਹੋਵੇਗਾ।

ਕਿਸੇ ਵਿਸ਼ੇਸ਼ ਨਸਲੀ ਘੱਟ ਸੰਖਿਆ ਵਾਸਤੇ ਘੱਟ ਰੋਜ਼ਗਾਰੀ ਦਰ/ਕੀਮਤ ਦਾ ਅਸਰ ਆਰਥਕ ਉਤਪਤੀ ਉਤੇ ਪੈਂਦਾ ਹੈ, ਖਾਸ ਕਰ ਪੂਰੇ ਟਾਇਮ ਵਾਲੇ ਰੋਜ਼ਗਾਰ ਅਤੇ ਹੁਨਰ ਦੀ ਘਾਟ ਵਾਲੇ ਪ੍ਰਸੰਗ ਵਿਚ। ਉਦਾਹਰਣ ਵੱਜੋ ; ਜੇਕਰ ਪਾਕਿਸਤਾਨੀਆਂ ਦਾ ਰੋਜ਼ਗਾਰੀ ਦਰ ਉਨ੍ਹਾਂ ਦੇ ਪ੍ਰਤਿਰੂਪ ਭਾਰਤੀਆਂ ਜਿਨ੍ਹਾਂ ਹੋਵੇ, ਤਾਂ ਆਦਮੀ ਅਤੇ ਔਰਤਾਂ ਦੇ ਕੰਮ ਕਾਜੀ ਸਮੂਹ ਦਾ ਆਕਾਰ ਵੱਧ ਕੇ 24 ਅਤੇ 136 ਪ੍ਰਤਿਸ਼ਤ ਹੋ ਜਾਵੇਗਾ, ਇਸ ਵਾਧੇ ਦਾ ਮਤਲੱਬ ਹੋਵੇਗਾ ਕਿ 96,000 ਲੋਕੀ ਕੰਮ ਕਰਦੇ ਹੋਣਗੇ। ਇਸੇ ਤਰ੍ਹਾਂ, ਜੇਕਰ ਕਾਲੇ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਸਮੂਹਾਂ ਦਾ ਰੋਜ਼ਗਾਰੀ ਦਰ ਉਨ੍ਹਾਂ ਦੇ ਪ੍ਰਤਿਰੂਪ ਭਾਰਤੀਆਂ ਜਿਨ੍ਹਾਂ ਹੋ ਜਾਵੇ, ਬਰਤਾਨੀਆ ਦੀ ਕੰਮਕਾਜੀ ਤਾਕਤ 180,000 ਲੋਕਾਂ ਨਾਲ ਵੱਧ ਜਾਵੇਗੀ।.

[1] ਮੁੱਖ ਪਰਿਭਾਸ਼ਾ ਦੇ ਸ਼ਬਦ-ਸੰਗ੍ਰਹਿ ਵਾਸਤੇ, ਇਸ ਵਿਚ ਸ਼ਾਮਿਲ ਹਨ "ਨਸਲੀ ਘੱਟ ਸੰਖਿਆ" ਅਤੇ "ਗੋਰਿਆਂ", ਖਾਸ ਰਿਪੋਰਟ ਵਿਚ ਅਨੈਕਸ 3 ਵੇਖੋ।

ਮਜ਼ਦੂਰੀ ਮੰਡੀ ਦੇ ਨੁਕਸਾਨ ਦੀ ਵੀ ਵਿਸ਼ੇਸ਼ ਸਮਾਜਿਕ ਲਾਗਤ ਹੈ। ਮਜ਼ਦੂਰੀ ਮੰਡੀ ਦੇ ਵਿਚ ਪ੍ਰਾਪਤੀ ਦੀ ਘਾਟ ਸਮਾਜਕ ਨਾਂ-ਸ਼ਮੂਲੀਅਤ ਦੀ ਪਰਵਰਿਸ਼ ਕਰਦੀ ਹੈ, ਬਰਤਾਨੀਆ ਦੇ ਵਿਚ ਨਸਲੀ ਸਮੂਹਾਂ ਦੇ ਦਰਮਿਆਨ ਸੰਬੰਧ ਵਿਗਾੜਦੀ ਹੈ ਅਤੇ ਸਮਾਜਿਕ ਮੇਲ ਨੂੰ ਖਤਰਾ ਪੇਸ਼ ਕਰਦੀ ਹੈ।

**ਇਸ ਨੁਕਸਾਨ ਦਾ ਸੁਭਾਉ ਅਤੇ ਦਰਜਾ ਤਬਦੀਲ ਹੁੰਦਾ ਰਹੇਗਾ, ਪਰ ਫਿਰ ਵੀ, ਨਸਲੀ ਘੱਟ ਸੰਖਿਆ ਵਾਲੇ ਸਮੂਹਾਂ ਦੇ ਵਿਚ**

ਨਸਲੀ ਘੱਟ ਸੰਖਿਆ ਦੀ ਦਸ਼ਾਂ 1960 ਜਾਂ 1980 ਨਾਲੋਂ ਹੁਣ ਕਿਤੇ ਜ਼ਿਆਦਾ ਗੁੰਝਲਦਾਰ ਹੈ। ਇਸ ਵਿਚ ਕਈ ਵਿਸ਼ੇਸ਼ ਅੰਤਰ ਹਨ, ਮਿਸਾਲ ਵੱਜੋ, ਵਖਰੇ ਏਸ਼ੀਅਨ ਸਮੂਹਾਂ ਦੇ ਵਿਚੋਂ, ਭਾਰਤੀਆਂ ਕੋਲ ਪਾਕਿਸਤਾਨੀ ਅਤੇ ਬੰਗਲਾਦੇਸ਼ੀਆਂ ਨਾਲੋਂ ਵਧੇਰੇ ਰੋਜ਼ਗਾਰੀ ਦਰ ਅਤੇ ਕਿੱਤਈ ਪ੍ਰਾਪਤੀ ਹੈ, ਇਸ ਦੇ ਨਾਲ ਨਾਲ ਜ਼ਿਆਦਾ ਯੋਗਦਾਨੀ ਦਰ ਔਰਤਾਂ ਵੱਲੋਂ ਵੀ ਇਨ੍ਹਾਂ ਦਾ ਹੀ ਹੈ। ਕਾਲਿਆਂ ਦੀ ਜੰਨਸੰਖਿਆ ਵਿਚ ਨੁਕਸਾਨ ਦਾ ਨਮੂਨਾ ਵੀ ਫਿਰ ਅਲੱਗ ਹੈ। ਅਜੇ ਕਿ ਅਫ਼ਰੀਕਣ ਕਾਲਿਆਂ ਦੇ ਸਮੂਹਾਂ ਅਤੇ ਗੋਰਿਆਂ ਦੀ ਔਸਤੀ ਤਨਖਾਹ ਅਤੇ ਕਿੱਤਈ ਪ੍ਰਾਪਤੀ ਵਿਚ ਬਹੁਤ ਥੋੜਾ ਅੰਤਰ ਹੈ, ਕੈਰੇਬੀਅਨ ਕਾਲਿਆਂ ਦੇ ਸਮੂਹ ਦੀ ਤੁਲਨਾ ਵਿਚ ਕਾਫੀ ਜ਼ਿਆਦਾ ਅਸੁਖਾਵੀਂ ਹਨ।

ਨਸਲੀ ਘੱਟ ਸੰਖਿਆ ਵਾਲੇ ਸਮੂਹਾਂ ਦੇ ਵਿਚ ਭਿੰਨਤਾ ਵੀ ਮਜ਼ਦੂਰੀ ਮੰਡੀ ਦੇ ਪਰਿਣਾਮ ਨੂੰ ਆਕ੍ਰਿਤੀ ਕਰਦਾ ਹੈ। ਲਿੰਗਤਾ, ਪੁਸ਼ਤਾ/ਪੀੜ੍ਹੀਆਂ ਅਤੇ ਭੂਗੋਲ ਵੀ ਇਕ ਬਹੁਤ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ। ਲਿੰਗਤਾ ਦੇ ਕੇਸ ਵਿਚ ਬਹੁਤ ਸਾਰੇ ਏਸ਼ੀਅਨ ਸਮੂਹਾਂ ਦਾ ਚਰਿੱਤਰਨ ਔਰਤਾਂ ਦੇ ਘੱਟ ਸ਼ਿਰਕਤ ਦਰ ਕਰਕੇ ਹੈ, ਪਰ ਇਹੀ ਚੀਜ਼ ਕੈਰੇਬਿਅਨ ਕਾਲਿਆਂ ਦੀ ਜੰਨਸੰਖਿਆ ਵਿਚ ਪੁੱਠੀ ਹੈ। ਨਸਲੀ ਘੱਟ ਸੰਖਿਆ ਦੇ ਵਿਚ ਪਹਿਲੀ ਪੀੜ੍ਹੀ ਦੇ ਅਪ੍ਰਵਾਸੀ ਜ਼ਿਆਦਾ ਤਰ ਮਜ਼ਦੂਰੀ ਮੰਡੀ ਦੇ ਵਿਚ ਆਪਣੇ ਬੱਚਿਆਂ ਨਾਲੋਂ ਘੱਟ ਸਫ਼ਲ ਹੁੰਦੇ ਹਨ। ਆਖੀਰ ਵਿਚ, ਉਪਨਿਵੇਸ਼ੀ ਨਮੂਨੇ ਜਿਨ੍ਹਾਂ ਕਰਕੇ ਕਈ ਸਮੂਹ ਦੇਸ਼ ਦੇ ਨਿਸਚਿਤ ਭਾਗ ਵਿਚ ਹਨ, ਮਿਸਾਲ ਵੱਜੋਂ ਬਹੁਤ ਜ਼ਿਆਦਾ ਪਾਕਿਸਤਾਨੀ ਮਿਡਲੈਂਡਸ ਜਾਂ ਨਾਰਥ/ਉੱਤਰ ਵਿਚ ਇੱਕਾਗਰਤ ਹਨ - ਇਹ ਵੀ ਰੋਜ਼ਗਾਰ ਦੇ ਪਰਿਣਾਮ ਉਤੇ ਪ੍ਰਭਾਵ ਕਰਦਾ ਹੈ।

**ਮਜ਼ਦੂਰੀ ਮੰਡੀ ਦੀ ਅਸੁਵਿਧਾ ਦੇ ਕਾਰਨ ਵੀ ਘੱਟ ਵਿਭਿੰਨ ਨਹੀਂ ਹਨ**

ਮਜ਼ਦੂਰੀ ਮੰਡੀ ਦੀ ਅਸੁਵਿਧਾ ਦੇ ਇਸ ਨਮੂਨੇ ਦਾ ਕੋਈ ਇਕ ਇਕੱਲਾ ਕਾਰਨ ਨਹੀਂ ਹੈ। ਅਲੱਗ ਅਲੱਗ ਨਸਲੀ ਅਲਪ ਸੰਖਿਆਵਾਂ ਦੀ ਸ਼ਰੇਣੀਆਂ, ਸੱਭਿਆਚਾਰ ਅਤੇ ਪਰਿਵਾਰਕ ਨਮੂਨੇ ਵੀ ਇਸ ਵਿਚ ਭੂਮਿਕਾ ਅਦਾ ਕਰਦੇ ਹਨ। ਇਹ ਸਿਖਿਅਕ ਨਿਮਨ-ਪ੍ਰਾਪਤੀ ਦੋਵੇਂ, ਇਨ੍ਹਾਂ ਕਾਰਕਾਂ ਦਾ ਸੰਕੇਤ ਅਤੇ ਆਪਣੇ ਆਪ ਵਿਚ ਇਕ ਵਿਸ਼ੇਸ਼ ਸਬੱਬ ਕਾਰਕ ਵੀ ਹੈ। ਜਿਨ੍ਹੇਂ ਬੱਚੇ ਜਿਹੜੇ ਕਿ ਪੰਜ ਜਾਂ ਉਸ ਤੋਂ ਜ਼ਿਆਦਾ ਜੀ-ਸੀ-ਐਸ-ਈ (GCSE) ਗਰੇਡ A-C ਕਾਲੇ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਬੱਚਿਆਂ ਵਿਚ ਬਹੁਤ ਘੱਟ ਹੈ , ਖਾਸ ਕਰ ਮੁੰਡੇ , ਗੋਰਿਆਂ ਨਾਲੋਂ - ਪਰ ਭਾਰਤੀ ਬੱਚਿਆਂ ਦੀ ਜੀ-ਸੀ-ਐਸ-ਈ (GCSE) ਲੈਵਲ ਤੇ ਪ੍ਰਾਪਤੀ ਗੋਰੀ ਜੰਨਸੰਖਿਆ ਨਾਲੋਂ ਜ਼ਿਆਦਾ ਉਚੀ ਹੈ। ਫਿਰ ਵੀ, ਜੱਦ ਸਿਖਿਅਕ ਪ੍ਰਾਪਤੀ ਵਿਚ ਮੌਜੂਦ ਫਰਕ ਦਾ ਹਿਸਾਬ ਰੱਖ ਕਿ ਵੀ, ਨਸਲੀ ਘੱਟ ਸੰਖਿਆ ਮਜ਼ਦੂਰੀ ਮੰਡੀ ਵਿਚ ਅਸੁਵਿਧਾ ਦਾ ਤਜਰਬਾ ਕਰਦੇ ਹਨ।

ਆਮ ਤੌਰ ਤੇ, ਨਸਲੀ ਘੱਟ ਸੰਖਿਆ - ਇਸ ਵਿਚ ਭਾਰਤੀ ਵੀ ਸ਼ਾਮਿਲ ਹਨ - ਇਨ੍ਹਾਂ ਨੂੰ ਉਹ ਕੰਮ ਨਹੀਂ ਮਿਲਦਾ ਜਿਹੜਾ ਇਨ੍ਹਾਂ ਦੀ ਕਾਬਲੀਅਤ ਸਪਸ਼ਟੀਕਰਨ ਕਰਦੀ ਹੈ

ਇਸ ਦੇ ਕਈ ਕਾਰਨ ਹਨ। ਕਈ ਕੇਸਾਂ ਦੇ ਵਿਚ ਨਸਲੀ ਘੱਟ ਸੰਖਿਆ ਦੇ ਸਮੂਹ ਵੰਚਿਤ ਇਲਾਕਿਆਂ ਦੇ ਵਿਚ ਇੱਕਾਗਰ ਹੋਏ ਹੁੰਦੇ ਹਨ। ਇਨ੍ਹਾਂ ਇਲਾਕਿਆਂ ਵਿਚ ਬੈਰੀਅਰ ਮੌਜੂਦ ਹੁੰਦੇ ਹਨ - ਜਿਵੇਂ ਕਿ ਭੈੜੀ ਸਰਕਾਰੀ ਟ੍ਰਾਂਸਪੋਰਟ ਅਤੇ ਅੱਡਰਾਪਣ ਉਹ ਇਲਾਕੇ ਜਿੱਥੇ ਕਾਫੀ ਜ਼ਿਆਦਾ ਆਕਾਰ ਦੀ ਵਿਹਲੀ ਗ੍ਰਹਿਸਥੀ ਹੋਵੇ, ਜਿਹੜਾ ਹੋ ਸਕਦਾ ਹੈ ਕਿ ਨਸਲੀ ਘੱਟ ਸੰਖਿਆ ਉਤੇ ਨਿਰ-ਆਕਾਰ ਅਸਰ ਕਰੇ।

ਫਿਰ ਵੀ, ਸਖਤ ਸਬੂਤ ਸੁਲੱਭ ਹਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਭੇਦਭਾਵ ਇਕ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਨਿਰਪੱਖ ਅਵਸਰਾਂ ਵਿਧਾਨ ਕੁਝ ਹੱਦ ਤੱਕ ਸਫਲ ਰਿਹਾ ਹੈ ਭੇਦਭਾਵ ਅਤੇ ਪਰੇਸ਼ਾਨੀ (ਹਰੈਸਮੰਟ), ਕੁਟਿਲ/ਅਸਿਧੇ ਭੇਦਭਾਵ [2] ਨਾਲ ਮੁੱਠਭੇੜ ਕਰਨ ਵਿਚ - ਜਿੱਥੇ ਨਸਲੀ ਘੱਟ ਸੰਖਿਆ ਦਾ ਬਾਕਾਇਦਾ ਅਸੁਵਿਧਾਜਣਕ ਬੇਧਿਆਨੀ ਨਤੀਜਾ ਪਾਲਸੀਆਂ ਜਾਂ ਕਾਰਜਨੀਤੀਆਂ ਤੇ ਪਵੇ - ਇਹ ਇਕ ਸਮੱਸਿਆ ਹੀ ਰਹੇਗੀ।

**ਇਹ ਰਿਪੋਰਟ ਨਸਲੀ ਘੱਟ ਸੰਖਿਆ ਵਾਸਤੇ ਮਜ਼ਦੂਰੀ ਮੰਡੀ ਵਿਚ ਪ੍ਰਾਪਤੀ ਦੇ ਦਾਅ-ਪੇਚ ਸੈਟ ਕਰਦੀ ਹੈ**

ਇਸ ਜੁਗਤ ਦਾ ਇਹ ਟੀਚਾ ਹੈ ਕਿ ਦੱਸ ਸਾਲਾਂ ਦੇ ਵਿਚ ਬਰਤਾਨੀਆ ਵਿਚ ਰਹਿ ਰਹੀ ਨਸਲੀ ਘੱਟ ਸੰਖਿਆ ਮਜ਼ਦੂਰੀ ਮੰਡੀ ਦੇ ਵਿਚ ਪ੍ਰਾਪਤੀ ਦੇ ਮੌਕਿਆਂ ਦੀ ਰਸਾਈ ਅਤੇ ਅਨੁਭਵ ਕਰਨ ਵਿਚ ਕੋਈ ਨਿਰ-ਆਕਾਰੀ ਰੋਕ ਦਾ ਸਾਹਮਣਾ ਨਾਂ ਕਰਨ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਇਹ ਜੁਗਤ :

- ਉਨ੍ਹਾਂ ਵਿਸ਼ਾਲ ਰੂਪਾਂਤਰਾਂ, ਪ੍ਰਕਿਰਤੀ ਅਤੇ ਮਜ਼ਦੂਰੀ ਮੰਡੀ ਵਿਚ ਵਖਰੇ ਨਸਲੀ ਸਮੂਹਾਂ ਦੇ ਵਿਚ ਅਸੁਵਿਧਾਵਾਂ ਨੂੰ ਧਿਆਨ ਵਿਚ ਰੱਖਦੀ ਹੈ।
- ਇਹ ਪੱਕਾ ਕਰਦੀ ਹੈ ਕਿ ਤਰੱਕੀ ਨੂੰ ਮਾਪਿਆ ਅਤੇ ਨਿਰੀਖਿਆ ਜਾਂਦਾ ਹੈ।
- ਅਸਤਿੱਤਵ ਪਾਲਸੀਆਂ ਤੇ ਇਸ ਦੀ ਉਸਾਰੀ ਹੋਵੇ - ਖਾਸ ਕਰ ਸੁਸ਼ੀਲ ਅਤੇ ਨਵੀਨਤਾ ਵਾਲੀ ਤਬਦੀਲੀਆਂ ਰਾਹੀ - ਇਹ ਪੱਕਾ ਕਰਨ ਲਈ ਕਿ ਨਸਲੀ ਘੱਟ ਸੰਖਿਆਵਾਂ ਨੂੰ ਮਜ਼ਦੂਰੀ ਮੰਡੀ ਵਿਚ ਪ੍ਰਾਪਤੀਆਂ ਉਹ ਮੁੱਖਧਾਰਾ ਅਤੇ ਪਰੋਗਰਾਮ ਪਹੁੰਚਾਉਂਦੇ ਹਨ ਜਿਹੜੇ ਕਿ ਉਨ੍ਹਾਂ ਦੀਆਂ ਜਰੂਰਤਾਂ ਨੂੰ ਪੂਰਾ ਰਕਦੇ ਹੋਣ; ਅਤੇ
- ਪਛਾਣ ਕਰੇ ਕਿ, ਸਰਕਾਰ ਦੇ ਦਾਇਰੇ ਤੋਂ ਇਲਾਵਾ, ਨਸਲੀ ਘੱਟ ਸੰਖਿਆਵਾਂ ਦੇ ਭਾਇਚਾਰੇ ਆਪਣੀ ਜ਼ਿੰਮੇਵਾਰੀ ਸਮਝਦੇ ਹਨ, ਖਾਸ ਕਰ ਇਸ ਤਰ੍ਹਾਂ ਦੇ ਨਿਕਾਸਾਂ ਵਿਚ ਜਿਵੇਂ ਕਿ ਸਕੂਲ ਅਤੇ ਭਾਇਚਾਰਿਆਂ ਦੇ ਵਿਚ ਸੰਬੰਧ।

**ਇਸ ਜੁਗਤ ਦਾ ਮਨਸੂਬਾ ਗੁੰਜਲਦਾਰ ਸੱਚਾਈ ਦੇ ਉਦੇਸ਼ੀ ਪ੍ਰਤਿਕਿਰਿਆਵਾਂ ਨੂੰ ਇਹ ਨਿਸ਼ਚਿਤ ਕਰਨਾ ਹੈ**

ਵੱਖਰੀਆਂ ਨਸਲੀ ਘੱਟ ਸੰਖਿਆਵਾਂ ਦੀ ਮਜ਼ਦੂਰੀ ਮੰਡੀ ਵਿਚ ਗੁੰਜਲਦਾਰ ਅਤੇ ਰੂਪਾਂਤਰਿਕ ਦਸ਼ਾ ਦਾ ਇਹ ਮਤਲਬ ਹੈ ਕਿ ਸਾਧਾਰਨ ਉਪਾ ਕੰਮ ਨਹੀਂ ਕਰਨਗੇ। ਸਗੋਂ ਕਿ, ਇਸ ਜੁਗਤ ਦਾ ਮਨਸੂਬਾ ਵਖਰੇ ਸਮੂਹਾਂ ਦੀ ਵਖਰੀ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਉਦੇਸ਼ੀ ਕਾਰਵਾਈਆਂ ਨੂੰ ਕਈ ਗੁਣਾ ਜ਼ਿਆਦਾ ਪ੍ਰਵਾਨ ਕਰਦਾ ਹੈ। ਕਈ ਕੇਸਾਂ ਦੇ ਵਿਚ ਪੂਰਵਤਾ ਇਹ ਵੀ ਹੋ ਸਕਦੀ ਹੈ ਕਿ ਬੱਚਿਆਂ ਦੇ ਮਾਪਿਆਂ ਨੂੰ ਸਕੂਲਾਂ ਨਾਲ ਹੋਰ ਰੁਝਾਇਆ ਜਾਵੇ; ਕਈ ਕੇਸਾਂ ਵਿਚ ਰੋਜ਼ਗਾਰੀ ਦੇ ਪਰੋਗਰਾਮ ਜਾਂ ਵਪਾਰੀ ਸਲਾਹ ਨੂੰ ਵਧੇਰੇ ਪਹੁੰਚ ਵੀ ਹੋ ਸਕਦੀ ਹੈ; ਅਤੇ ਹੋਰਾਂ ਵਿਚ, ਸੀਮਿਤ ਜਾਗਰੁਕਤਾ ਵਾਲੇ ਉਚੇਚੇ ਮਾਲਕਾਂ ਦਾ ਟਾਕਰਾ ਕਰਨਾ ਵੀ ਪੂਰਵਤਾ ਹੋ ਸਕਦੀ ਹੈ।

**ਇਹ ਜੁਗਤ ਚਾਰ ਖਾਸ ਖੇਤਰਾਂ ਉਤੇ ਕੇਂਦ੍ਰਿਤ ਹੁੰਦੀ ਹੈ: ਸਿਖਿਆ, ਰੋਜ਼ਗਾਰ, ਨਿਰਪੱਖ ਅਵਸਰ ਅਤੇ ਸਪੁਰਦਗੀ**
ਇਹ ਜੁਗਤ ਕੇਂਦ੍ਰਿਤ ਹੁੰਦੀ ਹੈ:

- ਨਸਲੀ ਘੱਟ ਸੰਖਿਆ ਦੀ ਰੋਜ਼ਗਾਰੀ ਵਿਚ ਸੁਧਾਰ
- ਨਸਲੀ ਘੱਟ ਸੰਖਿਆ ਦਾ ਕੰਮ ਵਾਲੇ ਸੰਬੰਧਾਂ ਵਿਚ ਸੁਧਾਰ
- ਨਿਰਪੱਖ ਅਵਸਰਾਂ ਦੀ ਉਨਤੀ; ਅਤੇ
- ਸਰਕਾਰੀ ਢਾਂਚੇ ਦੇ ਸੁਧਾਰ ਰਾਹੀ ਕੀਤੇ ਜਾਣ ਵਾਲੇ ਪਰਿਵਰਤਨ ਦੀ ਸਪੁਰਦਗੀ.

**ਨਸਲੀ ਘੱਟ ਸੰਖਿਆਵਾਂ ਦੇ ਵਿਦਿਆਰਥੀਆਂ ਦੀ ਸਿਖਿਅਕ ਪ੍ਰਾਪਤੀ ਨੂੰ ਉਤੇ ਚੱਕਣ ਲਈ ਵਿਹਾਰਕ ਮਾਪ ਦੀ ਲੋੜ ਹੈ...**

ਖੁਸ਼ਹਾਲ ਮਜ਼ਦੂਰੀ ਮੰਡੀ ਵਾਸਤੇ ਸਕੂਲ ਵਿਚ ਉਚੀ ਪ੍ਰਾਪਤੀ ਦਾ ਹੋਣਾ ਬਹੁਤ ਜਰੂਰੀ ਹੈ। ਫਿਰ ਵੀ, ਸਕੂਲਾਂ ਦੇ ਵਿਚ ਨਸਲੀ ਘੱਟ ਸੰਖਿਆ ਵਾਲੇ ਸਮੂਹਾਂ ਦੀ ਮਜ਼ਬੂਤ ਤਾਮੀਲ ਦੇ ਬਾਵਜੂਦ ਵੀ, ਬਾਕੀ ਦੇ ਥਿਰਤਾ ਨਾਲ ਪਿੱਛੇ ਰਹਿ ਜਾਂਦੇ ਹਨ। ਇਹ ਰਿਪੋਰਟ :

- ਮੌਜੂਦਾ ਸਿਖਿਅਕ ਉਦੇਸ਼ਾਂ ਵਿਚ ਨਸਲੀ ਵਰਗੀਕਰਨ ਨੂੰ ਸ਼ਾਮਿਲ ਕੀਤਾ ਜਾਵੇ ਤਾਂ ਕਿ ਘੱਟ-ਪ੍ਰਾਪਤੀ ਵਾਲੇ ਸਮੂਹਾਂ ਵੱਲੋਂ ਜੀ-ਸੀ-ਐਸ-ਈ ਦੀ ਪ੍ਰਾਪਤੀ ਵਿਚ ਨਿਸਚਲਤਾ ਨੂੰ ਰੋਕਿਆ ਜਾ ਸਕੇ।
- ਸਿਫਾਰਿਸ਼ ਕਰਦੀ ਹੈ ਕਿ ਨਸਲੀ ਘੱਟ ਸੰਖਿਆ ਦੇ ਸਮੂਹਾਂ ਵਿਚ ਪ੍ਰਾਪਤੀ ਦੇ ਅੰਕੜਿਆਂ ਵਿਚ ਵਧੇਰੇ ਪ੍ਰਾਦਰਸ਼ਤਾ ਹੋਵੇ।
- ਸਕੂਲ ਅਤੇ ਅਧਿਆਪਕਾਂ ਨੂੰ ਵੱਨ-ਸੁਵੰਨੇ ਵਿਦਿਆਥੀਆਂ ਨੂੰ ਪੜਾਉਣ ਲਈ ਚੰਗੇਰੀ ਸਿਖਲਾਈ ਉਤੇ ਵਧੇਰੇ ਜਾਣਕਾਰੀ ਦਿੱਤੀ ਜਾਵੇ। ਇਸ ਵਿਚ ਇਹ ਵੀ ਸ਼ਾਮਿਲ ਹੈ ਕਿ ਸਰਵੋਤਮ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾਵੇ।
- ਨਸਲੀ ਘੱਟ ਸੰਖਿਆ ਦੀ ਸਿਖਿਅਕ ਪ੍ਰਾਪਤੀ ਨੂੰ ਬਿਹਤਰ ਬਣਾਉਣ ਲਈ ਫੰਡਿੰਗ ਅਤੇ ਸਕੂਲ ਨਿਰੀਖਣ ਵਰਗੇ ਇੰਤਜ਼ਾਮ ਨਿਸ਼ਚਿਤ ਕਰਦੀ ਹੈ।
- ਨਸਲੀ ਘੱਟ ਸੰਖਿਆ ਦੇ ਪ੍ਰਾਪਤੀ ਵਰਗੇ ਨਿਕਾਸਾਂ ਨੂੰ ਸਮਝਣ ਅਤੇ ਬਿਹਤਰ ਬਣਾਉਂਣ ਵਿਚ ਸੁਝਾਅ ਦਿੰਦੀ ਹੈ, ਨਵੇਂ ਆਂਕੜਿਆਂ ਦੇ ਭੰਡਾਰ ਅਤੇ ਵਿਸ਼ਲੇਸ਼ਣ ਵਿਚੋਂ।

… **ਕੰਮ ਦੇ ਨਾਲ ਲੋਕਾਂ ਨੂੰ ਸਬੰਧਿਤ ਕਰਨਾ, ਖਾਸ ਕਰ ਵੰਚਿਤ ਇਲਾਕਿਆਂ ਵਿਚ** …

ਮਜ਼ਦੂਰੀ ਮੰਡੀ ਵਾਲੇ ਪਰੋਗਰਾਮ, ਖਾਸ ਕਰ "ਨਓ ਡਿਲ", ਇਹ ਸਥਾਪਤ ਕੀਤੀ ਗਈ ਹੈ ਲੋਕਾਂ ਨੂੰ ਕੰਮ ਵਾਲੀਆਂ ਥਾਂਵਾਂ ਨਾਲ ਸੰਬੰਧਤ ਕਰਨ ਲਈ ਅਤੇ ਇਸ ਦੇ ਨਾਲ ਨਾਲ ਜਾਣਕਾਰੀ, ਸਿਖਲਾਈ ਅਤੇ ਨਿਜੀ ਅਡਵਾਇਜ਼ਰ ਦੀ ਸਹਾਇਤਾ ਵੀ ਪ੍ਰਦਾਨ ਕਰਦੀ ਹੈ। ਇਸ ਦੇ ਬਾਵਜੂਦ ਵੀ, ਨਸਲੀ ਘੱਟ ਸੰਖਿਆ ਨਓ ਡਿਲ ਸਕੀਮ ਰਾਹੀਂ ਪੇਸ਼ ਕਿਤੇ ਗਏ ਫਾਇਦਿਆਂ ਦਾ ਲਾਭ ਨਹੀਂ ਚੱਕ ਰਹੀਆਂ। ਰਿਪੋਰਟ ਇਸ ਨਾਲ ਟਾਕਰਾ ਕਰਨ ਦੇ ਵਿਹਾਰਕ ਮਾਪ ਬਾਰੇ ਦੱਸਦੀ ਹੈ, ਇਸ ਦੇ ਨਾਲ ਨਾਲ:

- ਇਹ ਪੱਕਾ ਕਰਨ ਵਾਸਤੇ ਮਾਪ ਕਿ ਮੁੱਖਧਾਰਾ ਰੋਜ਼ਗਾਰੀ ਪਰੋਗਰਾਮ ਨਸਲੀ ਘੱਟ ਸੰਖਿਆ ਤੱਕ ਪ੍ਰਭਾਵਸ਼ਾਲੀ ਰੂਪ ਵਿਚ "ਪਹੁੰਚਦੇ ਹਨ", ਮਿਸਾਲ ਵੱਜੋਂ, ਜਾਬ ਸੈਂਟਰ ਪਲੱਸ ਐਕਸ਼ਨ ਪਲੈਨ ਸੋਧ ਕਿ; ਅਤੇ
- ਨਓ ਡਿਲ ਪਰੋਗਰਾਮ ਦੇ ਲਚਕਪਨ ਨੂੰ ਵਧਾਉਣ ਲਈ ਪ੍ਰਸਤਾਵ ਕਰਕੇ, "ਟੇਲ੍ਰਡ ਪਾਥਵੇ" ਵਰਗੀਆਂ ਨਵੀਨਤਾਵਾਂ ਦੀ ਖੁਸ਼ਹਾਲੀ ਤੇ ਉਸਾਰ ਹੋ ਕਿ, ਅਤੇ ਰੋਜ਼ਗਾਰੀ ਖੇਤਰ ਵਿਚ ਨਸਲੀ ਘੱਟ ਸੰਖਿਆਵਾਂ ਦੀ ਜ਼ਰੂਰਤਾਂ ਨੂੰ ਸੰਬੋਧਨ ਕਰਨ ਲਈ ਸੁਨਿਸ਼ਚਿਤ ਲਚਕਪਨ ਦਾ ਪ੍ਰਯੋਗ ਕਰਦੇ ਹਨ।.

ਨਸਲੀ ਘੱਟ ਸੰਖਿਆ ਨਿਰ-ਆਕਾਰ ਹੋ ਕਿ ਵੰਚਿਤ ਇਲਾਕਿਆਂ ਵਿਚ ਕੇਂਦਰਿਤ ਹਨ, ਜਿਹੜੇ ਕਿ ਚਰਿੱਤਰਣ ਹਨ ਉਨ੍ਹਾਂ ਕਾਰਨਾਂ ਨਾਲ ਜੋ ਕਿ ਸੰਬੰਧ ਸਥਾਪਿਤ ਕਰਦੇ ਹਨ ਬੇਰੋਜ਼ਗਾਰੀ, ਮਾੜੇ ਪੱਧਰ ਦੀ ਸਿਖਿਆ, ਸਮਾਜਕ ਰਿਹਾਇਸ਼ ਇਕੱਾਗਤ ਅਤੇ ਵਪਾਰ ਜਿਹੜੇ ਵਧਣ ਵਿਚ ਸੰਘਰਸ਼ ਕਰਦੇ ਹਨ। ਗੁਆਂਢਭਾਵਨਾ ਨਵਿਆਉਣ ਵਾਲੀ ਜੁਗਤ ਇਸ ਤਰ੍ਹਾਂ ਦੀਆਂ ਕਈ ਮੁਸ਼ਕਲਾਂ ਨਾਲ ਟਾਕਰਾ ਕਰ ਚੁੱਕੀ ਹੈ।
ਫਿਰ ਵੀ, ਇਸ ਦੀ ਉਸਾਰੀ :

- ਰਿਹਾਇਸ਼, ਸਿਖਲਾਈ ਅਤੇ ਰੋਜ਼ਗਾਰੀ ਦੇ ਅਧਿਕਾਰਾਂ ਵਿਚ ਮਜ਼ਬੂਤ ਜੋੜ ਬਣਾ ਕਿ ਕੀਤਾ ਜਾ ਸਕਦਾ ਹੈ। ਜਾਬ ਸੈਂਟਰ ਪਲੱਸ ਆਫ਼ਿਸ, ਮਿਸਾਲ ਵੱਜੋਂ, ਇਨ੍ਹਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਕਿ ਇਹ ਸਮਾਜਿਕ ਰਿਹਾਇਸ਼ ਪ੍ਰਦਾਤਾ ਨਾਲ ਸਿਖਲਾਈ ਅਤੇ ਰੋਜ਼ਗਾਰੀ ਅਵਸਰ ਨੂੰ ਉਤਸ਼ਾਹਿਤ ਕਰਨ ਲਈ ਸਾਂਝੀਦਾਰੀ ਨਾਲ ਕੰਮ ਕਰਨ।
- ਰਿਹਾਇਸ਼ ਅਤੇ ਰੋਜ਼ਗਾਰੀ ਗਤੀਸ਼ੀਲਤਾ ਸੇਵਾ (ਹਾਊਸਿੰਗ ਐਂਡ ਇਂਪਲੋਇਮੇਂਟ ਸਰਵਿਸ (ਐਚ-ਈ-ਐਮ-ਐਸ)" ਦੀ ਪਹੁੰਚ ਤਾਂ ਕਿ ਰਿਹਾਇਸ਼ ਅਤੇ ਮਜ਼ਦੂਰੀ ਮੰਚੀ ਵਿਚ ਗਤੀਸ਼ੀਲਤਾ ਸੇਵਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਜੱਦ ਕਿ, ਨਸਲੀ ਘੱਟ ਸੰਖਿਆ ਦੇ ਵਿਚ ਕਾਫੀ ਉਚੇ ਮਿਆਰ ਦੇ ਲੋਕੀ ਸਵੈ-ਮਾਲਿਕ ਹਨ, ਨਸਲੀ ਘੱਟ ਸੰਖਿਆ ਦੇ ਵਪਾਰ ਆਮ ਤੋਰ ਤੇ ਛੋਟੇ ਦਰ ਦੇ ਹੀ ਹਨ, ਅਤੇ ਨਾ ਚੱਲਣ ਦਾ ਦਰ ਕਾਫ਼ੀ ਜ਼ਿਆਦਾ ਹੈ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੋਜੂਦਾ ਵਪਾਰਿਕ ਸਲਾਹ ਸੇਵਾਵਾ ਸ਼ਾਇਦ ਇਨ੍ਹਾਂ ਤੱਕ ਨਾਂ ਪਹੁੰਚਦੀਆਂ ਹੋਣ। ਇਹ ਰਿਪੋਰਟ:

- ਮੰਗ ਕਰਦੀ ਹੈ ਕਿ ਛੋਟੇ ਆਕਾਰ ਦੀਆਂ ਵਪਾਰਿਕ ਸੇਵਾਵਾਂ ਅਤੇ ਵਪਾਰਿਕ ਸਾਂਝ ਸੰਚਾਲਕ ਨਸਲੀ ਘੱਟ ਸੰਖਿਆ ਦੇ ਵਪਾਰਾਂ ਦੇ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰੇ, ਤਾਂ ਕਿ ਉਨ੍ਹਾਂ ਦੇ ਵਿਕਾਸ ਵਾਸਤੇ ਅਸਰਦਾਰ ਜੁਗਤਾਂ ਬਣਾਈਆਂ ਜਾ ਸਕਣ; ਅਤੇ
- ਇਹ ਸਿਫ਼ਾਰਿਸ਼ ਕਰਦਾ ਹੈ ਕਿ ਛੋਟੇ ਆਕਾਰ ਦੀਆਂ ਵਪਾਰਿਕ ਸੇਵਾਵਾਂ ਨਸਲੀ ਘੱਟ ਸੰਖਿਆ ਦੇ ਵਿਚਾਲੇ ਪੇਸ਼ ਕੀਤੀ ਸੇਵਾਵਾਂ ਬਾਰੇ ਜਾਗਰੁਕਤਾ ਵਧਾਵੇ, ਮਿਸਾਲ ਵੱਜੋਂ, ਰਾਸ਼ਟਰੀ ਮਿਆਰ ਤੇ ਉੱਦਮੀ ਨਸਲੀ ਘੱਟ ਸੰਖਿਆਵਾਂ ਦਾ ਅਤੇ ਉਨ੍ਹਾਂ ਦਾ ਜਿਹੜੇ ਕਿ ਨਸਲੀ ਘੱਟ ਸੰਖਿਆਵਾਂ ਦੇ ਵਪਾਰਿਕ ਸੰਪਰਕ ਨਾਲ ਸਾਂਝੇਦਾਰੀ ਰੱਖਦੇ ਹਨ , ਇਕ ਡੇਟਾਬੇਸ ਬਣਾਇਆ ਜਾਵੇ।

**... ਅਤੇ ਕੰਮ ਵਾਲੀ ਥਾਂ ਵਿਚ ਨਿਰਪੱਖ ਅਵਸਰਾਂ ਦੀ ਉਨਤੀ ਕਰਨੀ**

ਪਿਛਲੀ ਤਿੰਨ ਸਦੀਆਂ ਤੋਂ ਕੰਮਕਾਰ ਦੀ ਥਾਂ ਵਿਚ ਨਸਲ ਸੰਬੰਧੀ ਅਤੇ ਨਿਰਪੱਖ ਅਵਸਰਾਂ ਬਾਰੇ ਬਹੁਤ ਜ਼ਿਆਦਾ ਸੁਧਾਰ ਹੋਇਆ ਹੈ , ਜਾਤੀ ਭੇਦਭਾਵ ਅਤੇ ਪਰੇਸ਼ਾਨੀ (ਹਰੈਸਮੰਟ) ਅੱਜ ਵੀ ਹੁੰਦੀਆਂ ਹਨ । ਮਾਲਕਾਂ ਵਿਰੋਧ ਅਸਿੱਧੇ ਭੇਦਭਾਵ ਦੀ ਜਾਗਰੂਕਤਾ ਬਹੁਤ ਘੱਟ ਹੈ । ਇਹ ਰਿਪੋਰਟ:

- ਮੰਗ ਕਰਦੀ ਹੈ ਕਿ ਨਿਰਪੱਖ ਅਵਸਰਾਂ ਵਿਚ ਬਿਹਤਰ ਅਭਿਆਸ ਦੀ ਹਿਮਾਇਤੀ ਸੇਵਾਵਾਂ ਦਾ ਵਿਸਤਾਰ ਕੀਤਾ ਜਾਵੇ ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕੀ ਹੋਰ ਜ਼ਿਆਦਾ ਮਾਲਕ ਕੰਮਕਾਰ ਵਾਲੀ ਥਾਂ ਵਿਚ ਨਿਰਪੱਖ ਅਵਸਰ ਪ੍ਰਯੋਗ ਕਰਦੇ ਹਨ ;
- ਪੇਸ਼ਕਸ਼ ਕਰਦੀ ਹੈ ਕਿ ਸਰਕਾਰ ਕੰਮਕਾਰੀ ਥਾਂ ਤੇ ਸੰਗਠਿਤ ਭੇਦਭਾਵ ਨਾਲ ਟਾਕਰਾ ਕਰਨ ਲਈ ਨਿਰੀਖਣ ਕਰੇ, ਸੱਭ ਤੋਂ ਪਹਿਲਾਂ ਇਹ ਸੋਚ ਕਿ, ਕਿ, ਕੀ ਇੰਮਟੋਇਮੰਟ ਟਰਾਇਬੂਨਰਲ ਨੂੰ ਭੇਦਭਾਵ ਦੇ ਕਾਰਨਾਂ ਵਿਚ ਸਿਫ਼ਾਰਿਸ਼ ਦੀ ਜਰੂਰਤ ਹੈ, ਜਿਹੜੀ ਕਿ ਵਿਅਕਤੀ ਦੀ ਕੀਤੀ ਸ਼ਿਕਾਇਤ ਅਤੇ ਅਨੁਭਵ ਕੀਤੀ ਸਮੱਸਿਆ ਤੋਂ ਕਿਤੇ ਦੂਰ ਹੈ;
- ਸਿਫ਼ਾਰਿਸ਼ ਕਰਦੀ ਹੈ ਕਿ ਸਰਕਾਰ ਸਮਾਜਕ ਅਥਾਰਟੀਆਂ ਵਾਸਤੇ ਨੌਕਰੀ ਦੇ ਕਾਨਟਰੈਕਟ ਨੂੰ ਬਦਲਣ ਵਾਸਤੇ ਸਮਾਜਕ ਵਸੂਲੀ ਨੂੰ ਲੀਵਰ ਦੀ ਵਰਤਣ ਤੋਂ ਰੋਕਣ ਲਈ ਜਾਣਕਾਰੀ ਪ੍ਰਸਤੂਤ ਕਰੇ; ਅਤੇ
- ਨਿਰਪੱਖ ਅਵਸਰਾਂ ਦੀ ਜਾਣਕਾਰੀ ਨੂੰ ਸਮਾਜ ਦੇ ਵਿਚ ਉਤਸ਼ਾਹਿਤ ਕਰਨ ਲਈ ਮੁਹਿੰਮ ਬਣਾਉਣ ਵਿਚ ਮਦਦ ਦੀ ਲੋੜ ਹੈ ।

**ਇਸ ਪਾਲਸੀ ਨੂੰ ਲਾਗੂ ਕਰਨ ਲਈ ਸਰਕਾਰੀ ਢਾਂਚੇ ਅਤੇ ਕੰਮ ਕਰਨ ਦੇ ਪ੍ਰਚਲਿਤ ਰਸਤਿਆਂ ਵਿਚ ਵਿਸ਼ੇਸ਼ ਤਬਦੀਲੀਆਂ ਲਿਆਉਣੀਆਂ ਪੈਣ ਗੀਆਂ**

ਇਸ ਰਿਪੋਰਟ ਵਿਚ ਦਿੱਤੀ ਜੁਗਤ ਨੂੰ ਪ੍ਰਾਪਤ ਕਰਨ ਵਾਸਤੇ, ਸਰਕਾਰ ਨੂੰ ਉਹ ਤੌਰ-ਤਰੀਕੇ ਬਦਲਣੇ ਪੈਣਗੇ ਜਿਨ੍ਹਾਂ ਰਾਹੀ ਇਹ ਨਸਲੀ ਘੱਟ ਸੰਖਿਆ ਦੀ ਮੰਗਾਂ ਨੂੰ ਸੰਬੋਧਨ ਕਰਦੀ ਹੈ । ਕਈ ਕਾਰਜ ਐਸੇ ਵੀ ਨੇ ਜਿਹੜੇ ਕਿ ਸੁਤੰਤਰ ਵਿਭਾਗਾਂ ਨੂੰ ਅਤਿ-ਅਵੱਸ਼ਕ ਰੂਪ ਵਿਚ ਅੱਗੇ ਲੈਜਾਣੇ ਚਾਹੀਦੇ ਹਨ । ਕਈਆਂ ਲਈ ਅੰਤਰ ਵਿਭਾਗੀ ਸਹਿਯੋਗ ਦੀ ਜਰੂਰਤ ਹੈ ।.

ਡੀ-ਡਬਲਿਯੂ-ਪੀ (DWP) ਅਤੇ ਡੀ-ਟੀ-ਆਈ (DTI) ਪਹੀਲਾਂ ਤੋਂ ਹੀ ਪੀ-ਐਸ-ਏ (PSA) ਦੇ ਇਸ ਲਕਸ਼, ਨਸਲੀ ਘੱਟ ਸੰਖਿਆ ਦੇ ਰੋਜ਼ਗਾਰ ਦਰ ਅਤੇ ਸਮੁਚੇ ਦਰ ਦੇ ਵਿਚ ਅੰਤਰ ਨੂੰ ਘਟਾਉਣ ਵਿਚ ਹਿੱਸਾ ਪਾ ਰਹੇ ਹਨ । ਅਗਾੜੀ ਵਿਭਾਗਾਂ ਦੀ ਪ੍ਰਿਥਮਤਾ ਹੁਣ ਇਹ ਹੈ ਕਿ ਉਹ ਜਿਹੜੇ ਕਿ ਆਰਥਿਕ ਪਾਲਸੀਆਂ ਦੇ ਜ਼ਿਮੇਵਾਰ ਹਨ ਜਿਵੇਂਕਿ ਦੀ-ਐਫ-ਈ-ਐਸ(DfES) , ਡੀ-ਟੀ-ਆਈ (DTI) ਅਤੇ ਡੀ-ਡਬਿਲਯੂ-ਪੀ (DWP) ਨਸਲੀ ਘੱਟ ਸੰਖਿਆਵਾਂ ਤੇ ਚੰਗੀ ਤਰ੍ਹਾਂ ਕੇਂਦ੍ਰਿਤ ਹੋਣ । ਇਸ ਦਾ ਅੱਗੇ ਸੰਚਾਲਨ ਕਰਨ ਲਈ:

- ਇਕ ਕਾਰਵਾਈ ਦੱਲ, ਜਿਸ ਦੀ ਪ੍ਰਧਾਨਗੀ ਕੰਮਾਂ ਵਾਲਾ ਮੰਤਰੀ ਕਰੇਗਾ, ਇਸ ਦੀ ਸਥਾਪਤੀ ਕੀਤੀ ਜਾਵੇਗੀ । ਇਹ ਸਰਕਾਰ ਦੇ ਵਿਚ ਅਫ਼ਸਰਾਂ ਅਤੇ ਗੈਰ-ਸਰਕਾਰੀ ਸਟੇਕਹੋਲਡਰਾਂ ਨੂੰ ਕੋਲ ਲਿਆਵੇਗਾ - ਇਸ ਨਾਲ ਵਿਭਾਗਾਂ ਦੇ ਕੰਮ ਵਧੇਰੇ ਇਕਸੁਰ ਰਸਤੇ ਤੇ ਹੋਣਗੇ ਜਿਹੜਾ ਕਿ ਨਸਲੀ ਘੱਟ ਸੰਖਿਆ ਦੀ ਮਜ਼ਦੂਰੀ ਮੰਡੀ ਵਿਚ ਪ੍ਰਾਪਤੀਆਂ ਨੂੰ ਬਿਹਤਰ ਬਣਾਵੇਗਾ;
- ਡੀ-ਡੱਬਲਯੂ-ਪੀ (DWP) ਦਾ ਮੰਤ੍ਰਾਲੇ ਸਮਰਥਕ ਸੈਕਟਰੀ ਔਫ਼ ਸਟੇਟ ਨੂੰ ਕੰਮਾਂ ਅਤੇ ਪੈਨਸ਼ਨਾਂ ਬਾਰੇ ਰਿਪੋਰਟ ਕਰੇਗਾ, ਜਿਹੜਾ ਕਿ ਕੈਬਨਿਟ ਕਮੇਟੀ ਵਿਚ ਆਰਥਿਕ ਮਾਮਲਿਆਂ, ਉਤਪਾਦਕਤਾ ਅਤੇ ਪ੍ਰਤਿਯੋਗਤਾ ਬਾਰੇ ਜਵਾਬਦੇਹੀ ਹੋਵੇਗਾ; ਅਤੇ
- ਇਹ ਕਾਰਵਾਈ ਦੱਲ ਆਪਣੀ ਉਨੱਤੀ ਬਾਰੇ ਹਰ ਸਾਲ ਰਿਪੋਰਟ ਪੇਸ਼ ਕਰੇਗਾ, ਜਿਸ ਵਿਚ ਪੂਰਾ ਵਿਸਤਾਰ ਦਿੱਤਾ ਹੋਵੇਗਾ ਕਿ ਇਹ ਤਿੰਨ ਸਾਲਾਂ ਬਾਦ ਇਸ ਰਿਪੋਰਟ ਵਿਚ ਦਿੱਤੇ ਗਏ ਨਤੀਜੇ ਨੂੰ ਲਾਗੂ ਕਰਨ ਵਿਚ ਕਿੰਨੇ ਅਸਰਦਾਰ ਰਹੇ ਹਨ।